## ਪਾਠ 11

# ਮੇਰੇ ਦਾਦੀ ਜੀ



**ਮੇਰੇ** ਦਾਦੀ ਜੀ ਮੈਨੂੰ ਬਹੁਤ ਪਿਆਰ ਕਰਦੇ ਹਨ। ਉਹ ਮੇਰੇ ਪਿਤਾ ਜੀ ਦੇ ਮਾਤਾ ਜੀ ਹਨ। ਉਹ ਸਵੇਰੇ ਜਲਦੀ ਉੱਠ ਕੇ ਨ੍ਹਾ ਲੈਂਦੇ ਹਨ। ਉਹ ਸਾਫ਼-ਸੁਥਰੇ ਅਤੇ ਸਾਦੇ ਕੱਪੜੇ ਪਹਿਨਦੇ ਹਨ। ਉਹ ਐਨਕ ਲਾ ਕੇ ਅਖ਼ਬਾਰ ਪੜ੍ਹਦੇ ਹਨ।

ਦਾਦੀ ਜੀ ਸਾਨੂੰ ਦੋਂਹਾਂ ਭੈਣ-ਭਰਾਵਾਂ ਨੂੰ ਬਹੁਤ ਪਿਆਰ ਕਰਦੇ ਹਨ। ਉਹ ਸਾਨੂੰ ਸਵੇਰੇ ਜਲਦੀ ਜਗਾ ਦਿੰਦੇ ਹਨ। ਉਹ ਸਾਡੇ ਮਾਤਾ ਜੀ ਦੀ ਰਸੋਈ ਦੇ ਕੰਮ ਵਿੱਚ ਮਦਦ ਕਰਦੇ ਹਨ।

ਸਾਡੇ ਮਾਤਾ ਜੀ ਅਤੇ ਪਿਤਾ ਜੀ ਦੋਵੇਂ ਨੌਕਰੀ ਕਰਦੇ ਹਨ। ਸਕੂਲ ਤੋਂ ਵਾਪਸ ਆ ਕੇ ਅਸੀਂ ਦਾਦੀ ਜੀ ਕੋਲ਼ ਹੀ ਬੈਠਦੇ ਹਾਂ। ਉਹ ਸਾਡੇ ਲਈ ਖਾਣਾ ਪਰੋਸਦੇ ਹਨ। ਅਸੀਂ ਦਾਦੀ ਜੀ ਨੂੰ ਸਕੂਲ ਦੀਆਂ ਗੱਲਾਂ ਸੁਣਾਉਂਦੇ ਹਾਂ। ਦਾਦੀ ਜੀ ਸਾਨੂੰ ਕਹਾਣੀਆਂ ਵੀ ਸੁਣਾਉਂਦੇ ਹਨ। ਕਦੇ-ਕਦੇ ਉਹ ਸਾਥੋਂ ਬੁਝਾਰਤਾਂ ਵੀ ਪੁੱਛਦੇ ਹਨ। ਦਾਦੀ ਜੀ ਸਾਡੇ ਘਰ ਦੀ ਰੌਣਕ ਹਨ। ਉਹ ਸਾਨੂੰ ਆਪਣਾ ਕੰਮ ਆਪ ਕਰਨ ਦੀ ਸਿੱਖਿਆ ਦਿੰਦੇ ਹਨ।

ਦਾਦੀ ਜੀ ਸ਼ਾਮ ਨੂੰ ਸੈਰ ਕਰਨ ਲਈ ਜਾਂਦੇ ਹਨ। ਕਦੇ-ਕਦੇ ਅਸੀਂ ਵੀ ਉਹਨਾਂ ਦੇ ਨਾਲ਼ ਜਾਂਦੇ ਹਾਂ। ਸਾਨੂੰ ਆਪਣੇ ਦਾਦੀ ਜੀ ਨਾਲ਼ ਬਹੁਤ ਪਿਆਰ ਹੈ। ਸਾਨੂੰ ਉਹ ਬਹੁਤ ਚੰਗੇ ਲੱਗਦੇ ਹਨ।

## ਪਾਠ-ਅਭਿਆਸ

**1. ਦੱਸੋ :-**

(ੳ) ਪਿਤਾ ਜੀ ਦੇ ਮਾਤਾ ਬੱਚਿਆਂ ਦੇ ਕੀ ਲਗਦੇ ਹਨ ?

(ਅ) ਦਾਦੀ ਜੀ ਕਿਹੋ-ਜਿਹੇ ਕੱਪੜੇ ਪਹਿਨਦੇ ਹਨ ?

(ੲ) ਦਾਦੀ ਜੀ ਬੱਚਿਆਂ ਨੂੰ ਕੀ ਸਿੱਖਿਆ ਦਿੰਦੇ ਹਨ ?

**2. ਖ਼ਾਲੀ ਸਥਾਨ ਭਰੋ :-**

(ੳ) ਉਹ ਐਨਕ ਲਾ ਕੇ __________ ਪੜ੍ਹਦੇ ਹਨ।

(ਅ) ਦਾਦੀ ਜੀ ਸਾਨੂੰ ਬਹੁਤ __________ ਕਰਦੇ ਹਨ।

(ੲ) ਅਸੀਂ ਦਾਦੀ ਜੀ ਨੂੰ __________ ਦੀਆਂ ਗੱਲਾਂ ਸੁਣਾਉਂਦੇ ਹਾਂ।

(ਸ) ਦਾਦੀ ਜੀ ਸਾਡੇ ਘਰ ਦੀ __________ ਹਨ।

**3. ਹੇਠ ਲਿਖੇ ਸ਼ਬਦਾਂ ਦੇ ਵਾਕ ਬਣਾਓ :-**

ਅਖ਼ਬਾਰ, ਪਿਆਰ, ਰਸੋਈ, ਸਕੂਲ, ਸੈਰ ।

**4. ਹੇਠ ਲਿਖੇ ਪੰਜਾਬੀ ਭਾਸ਼ਾ ਦੇ ਸ਼ਬਦਾਂ ਦੇ ਸਮਾਨਾਰਥੀ ਹਿੰਦੀ ਭਾਸ਼ਾ ਦੇ ਸ਼ਬਦ ਲਿਖੋ :-**

(ੳ) ਜਲਦੀ :

(ਅ) ਕੋਲ਼ :

(ੲ) ਗੱਲਾਂ :

(ਸ) ਕੰਮ :

(ਹ) ਸਿੱਖਿਆ :

**ਆਪਣੇ ਦਾਦੀ ਜੀ ਦੀ ਫ਼ੋਟੋ ਆਪਣੀ ਕਾਪੀ ਵਿੱਚ ਚਿਪਕਾਓ ਅਤੇ ਉਹਨਾਂ ਦਾ ਨਾਂ ਲਿਖੋ।**

*****